ਵੱਲੋ :-

ਦਫਤਰ ਪੈਰਾ-ਮੈਡੀਕਲ ਕੌਂਸਿਲ (ਪੰਜਾਬ)
ਸਾਹਮਣੇ ਈ. ਐਸ. ਆਈ ਹਸਪਤਾਲ
ਐਸ. ਸੀ. ਓ 37-38-39, ਇੰਡਸਟਰੀਅਲ ਏਰੀਆ, ਫੇਸ-7
ਮੋਹਾਲੀ

ਵੱਲ:- ਸਮੂਹ ਰਜਿਸਟਰਡ ਪਰਸਨਰਜ
ਸੀ. ਐਮ. ਐਸ ਐਂਡ ਈ. ਡੀ
1½ ਸਾਲਾ ਕੋਰਸ ਪਾਸ ਆਊਟ ਕੈਂਡੀਡੇਟਸ।

ਪੱਤਰ ਨੰ:- PMCP/124194/2013 ਮਿਤੀ13/08/2013

ਵਿਸ਼ਾ: ਰਜਿਸਟ੍ਰੇਸ਼ਨ ਵਿੱਚ ਦਵਾਈਆ ਦੀ ਸੋਧ ਸਬੰਧੀ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਦੀ ਜਾਣਕਾਰੀ ਲਈ ਆਪ ਨੂੰ ਕੌਂਸਿਲ ਵੱਲੋਂ ਸੂਚਿਤ ਕੀਤਾ ਗਿਆ ਸੀ ਕਿ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਦੇ ਆਧਾਰ ਤੇ CMS & ED ਕੋਰਸ ਸਬੰਧੀ ਜਰੂਰੀ ਦਵਾਈਆਂ ਦੀ ਸੂਚੀ ਵਿੱਚ ਕੌਂਸਿਲ ਵੱਲੋਂ ਸੋਧ ਨੂੰ ਪ੍ਰਵਾਨ ਕਰਕੇ ਸਾਰੀਆਂ ਰਜਿਸਟ੍ਰੇਸ਼ਨਾਂ ਨਵੀਆਂ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ। W.H.O ਦੇ ਟ੍ਰੇਨਿੰਗ ਮੈਨੂਅਲ ਅਨੁਸਾਰ ਮੁਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਦੇ ਮੰਤਵ ਨਾਲ ਇਹ ਸੋਧਾਂ ਲਾਜਮੀ ਸਨ। ਰਜਿਸਟ੍ਰੇਸ਼ਨ ਵਿੱਚ ਦਵਾਈਆਂ ਦੀ ਲਿਸਟ ਨਵੇਂ ਸਾਲਟਾਂ ਨਾਲ ਪ੍ਰਿੰਟ ਹੋਵੇਗੀ ਅਤੇ ਸਮੂਹ ਰਜਿਸਟਰਡ ਵਰਕਰਾਂ ਦੀ ਗਜਟ ਸੂਚੀ W.H.O ਦੇ ਦਿੱਲੀ ਅਤੇ ਜਨੇਵਾ ਸਥਿਤ ਦਫਤਰਾਂ ਨੂੰ ਭੇਜੀ ਜਾਏਗੀ ਜੋ ਕਿਸੇ ਵੀ ਕੁਦਰਤੀ ਆਫਤ ਸਮੇਂ ਆਪ ਦੀਆਂ ਸੇਵਾਵਾਂ ਲੈ ਸਕਣ। ਪ੍ਰਾਇਮਰੀ ਮੈਡੀਕਲ ਏਡ ਪ੍ਰਦਾਨ ਕਰਨਾ ਆਪ ਸਭ ਦਾ ਅਧਿਕਾਰ ਹੈ ਇਸ ਸਬੰਧੀ ਆਪ ਨੂੰ ਅਗਰ ਸਿਹਤ ਵਿਭਾਗ/ਪੁਲਿਸ ਪ੍ਰਸ਼ਾਸ਼ਨ ਪ੍ਰੇਸ਼ਾਨ ਕਰਦਾ ਹੈ ਤਾਂ ਤੁਰੰਤ ਕੌਂਸਿਲ ਆਫਿਸ ਨਾਲ ਸੰਪਰਕ ਕਰ ਸਕੋ। ਮੁਢਲੀਆਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਸਬੰਧੀ ਰਜਿ. ਡਿਪਲੋਮਾਧਾਰੀ ਵਲੋਂ ਜੋ ਮੈਡੀਕਲ ਇਕਵੀਪਮੈਂਟਸ/ਇੰਸਟਰੂਮੈਂਟਸ/ਕਿਟਸ ਸਮੇਤ OTC ਡਰੱਗਜ ਵਰਤੀਆਂ ਜਾ ਸਕਣਗੀਆਂ ਉਹਨਾਂ ਦੀ ਗਿਣਤੀ 100 ਤੋਂ ਵੱਧ ਹੋ ਗਈ ਹੈ। ਸਮੂਹ ਰਜਿਸਟਰਡ CMS& ED ਡਿਪਲੋਮਾਧਾਰੀਆਂ ਦੀ ਅਤੀ ਜਰੂਰੀ ਮੀਟਿੰਗ ਅਗਸਤ ਮਹੀਨੇ ਦੇ ਆਖਰੀ ਹਫਤੇ ਚੰਡੀਗੜ੍ਹ ਵਿਖੇ ਕੌਂਸਿਲ ਵੱਲੋਂ ਬੁਲਾਈ ਜਾ ਰਹੀ ਹੈ। ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆਂ ਵਿੱਚ ਕੌਂਸਿਲ ਵੱਲੋਂ ਮਾਨਤਾ ਸਬੰਧੀ SLP No.1899 of 2012 ਦਾਇਰ ਕੀਤੀ ਹੋਈ ਹੈ ਜੋ ਕਿ ਬਹਿਸ ਤੇ ਹੈ। ਸੋ ਜੁਲਾਈ 2013 ਤੋਂ ਪਹਿਲਾਂ ਜਾਰੀ ਹੋਈਆਂ ਸਾਰੀਆਂ CMS & ED ਕੋਰਸ ਦੀਆਂ ਰਜਿਸਟ੍ਰੇਸ਼ਨਾਂ ਨੂੰ ਰੱਦ ਕੀਤਾ ਜਾਂਦਾ ਹੈ, ਸੋ ਆਪ ਜੀ ਨੂੰ ਆਪਣੇ ਰਜਿਸਟ੍ਰੇਸ਼ਨ ਸਰਟੀਫਿਕੇਟ ਨਵੇਂ ਜਾਰੀ ਕਰਵਾਉਣ ਲਈ ਲਿਖਿਆ ਗਿਆ ਸੀ ਪ੍ਰੰਤੂ ਆਪ ਜੀ ਵੱਲੋਂ ਕੋਈ ਵੀ ਜਵਾਬ ਹਾਲੇ ਤੱਕ ਇਸ ਦਫਤਰ ਨੂੰ ਪ੍ਰਾਪਤ ਨਹੀ ਹੋਇਆ ਹੈ, ਸੋ ਕੌਂਸਿਲ ਦੇ ਦਫਤਰ ਵੱਲੋਂ ਆਪ ਜੀ ਨੂੰ ਇੱਕ ਹੋਰ ਮੌਕਾ ਦਿੰਦੇ ਹੋਏ ਲਿਖਿਆ ਜਾਂਦਾ ਹੈ ਕਿ ਨਵੀਆਂ ਰਜਿਸਟ੍ਰੇਸ਼ਨਾਂ ਲਈ ਤੁਰੰਤ ਅਪਲਾਈ ਕਰੋ।

<u>ਸਪੈਸ਼ਲ ਨੋਟ</u> :- 1. ਅਗਰ ਤੁਸੀ ਆਪਣੀ ਨਵੀਂ ਰਜਿਸਟ੍ਰੇਸ਼ਨ ਕੌਂਸਿਲ ਦੇ ਨਿਰਦੇਸ਼ਾਂ ਅਨੁਸਾਰ ਨਹੀਂ ਕਰਵਾਉਂਦੇ ਹੋ ਤਾਂ ਭਵਿੱਖ ਵਿੱਚ ਹੋਣ ਵਾਲੀ ਮੀਟਿੰਗ/ ਐਸੋਸੀਏਸ਼ਨ ਵਿੱਚ ਤੁਹਾਡੀ ਭਾਗੀਦਾਰੀ ਨੂੰ ਮਨਜੂਰ ਨਹੀ ਕੀਤਾ ਜਾਏਗਾ ਅਤੇ ਭਵਿੱਖ ਵਿੱਚ ਕੌਂਸਿਲ ਵੱਲੋਂ ਦਿੱਤੀਆਂ ਜਾ ਰਹੀਆਂ ਕਾਨੂੰਨੀ ਸੇਵਾਵਾਂ ਦੇ ਹੱਕਦਾਰ ਵੀ ਤੁਸੀ ਨਹੀ ਹੋਵੋਗੇ।

2. ਰਜਿਸਟ੍ਰੇਸ਼ਨ ਦਾ ਸਮਾਂ ਅਗਰ ਕਿਸੇ ਦਾ 5 ਸਾਲ ਦਾ ਹੈ ਤਾਂ ਉਹੀ ਰਹੇਗਾ, ਰਜਿਸਟ੍ਰੇਸ਼ਨ ਨੰ: ਵੀ ਪਹਿਲਾਂ ਵਾਲਾ ਹੀ ਰਹੇਗਾ ਸਿਰਫ ਰਜਿ. ਸਰਟੀਫਿਕੇਟ ਅਤੇ I-Card ਬਦਲੇਗਾ ਅਤੇ ਟ੍ਰੇਨਿੰਗ ਮੈਨੂਅਲ ਦੀ ਬੁੱਕਲੈੱਟ ਪ੍ਰਿੰਟ ਹੋਣ ਉਪਰੰਤ ਆਪ ਨੂੰ ਭੇਜੀ ਜਾਏਗੀ।

3. ਸਮੂਹ ਰਜਿਸਟਰਡ ਡਿਪਲੋਮਾਧਾਰੀਆਂ ਨੂੰ ਹਦਾਇਤ ਹੈ ਕਿ ਕਿਸੇ ਵੀ ਏਜੰਟ/ ਵਿਅਕਤੀ ਵਿਸ਼ੇਸ਼ ਨੂੰ ਕੌਂਸਿਲ ਦੇ ਨਾਮ ਤੇ ਕਿਸੇ ਵੀ ਤਰ੍ਹਾਂ ਦੀ ਮੱਦ ਵਿੱਚ ਨਕਦ ਭੁਗਤਾਨ ਨਾ ਕੀਤਾ ਜਾਵੇ ਅਤੇ ਲੋੜੀਂਦੀ ਫੀਸ ਬੈਂਕ ਡਰਾਫਟ ਰਾਹੀਂ ਪੈਰਾ ਮੈਡੀਕਲ ਕੌਂਸਿਲ(ਪੰਜਾਬ) ਮੋਹਾਲੀ ਨੂੰ ਸਿੱਧੇ ਤੌਰ ਤੇ ਹੀ ਭੇਜੀ ਜਾਵੇ। ਰਜਿਸਟ੍ਰੇਸ਼ਨਾਂ ਦੀ ਰੀ-ਨਿਊਵਲ ਸਬੰਧੀ ਕੌਂਸਿਲ ਵੱਲੋਂ ਕਿਸੇ ਵੀ ਵਿਅਕਤੀ ਵਿਸ਼ੇਸ਼ ਨੂੰ ਫੀਸ ਇੱਕਠੀ ਕਰਨ ਲਈ ਅਧਿਕਾਰਤ ਨਹੀਂ ਕੀਤਾ ਗਿਆ ਹੈ।

4. ਕੌਂਸਿਲ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਕੁਝ ਏਜੰਟ ਟਾਈਪ ਲੋਕ ਕੌਂਸਿਲ ਦੇ CMS&ED ਕੋਰਸ ਪਾਸ ਕੈਂਡੀਡੇਟਸ ਨੂੰ ਗੁੰਮਰਾਹ ਕਰਕੇ ਰਜਿਸਟ੍ਰੇਸ਼ਨ ਫੀਸਾਂ ਵਸੂਲ ਕਰ ਰਹੇ ਹਨ ਅਤੇ ਉਹਨਾਂ ਨੂੰ ਖੁਦ ਹੀ ਸਕੈਨ ਕਰਕੇ ਰਜਿਸਟ੍ਰੇਸ਼ਨ ਪ੍ਰਦਾਨ ਕਰ ਰਹੇ ਹਨ ਜਾਂ ਫਰਜੀ ਸੁਸਾਇਟੀਆਂ ਜਿਹਨਾਂ ਦੇ ਨਾਮ ਪੈਰਾ-ਮੈਡੀਕਲ ਕੌਂਸਿਲ ਪੰਜਾਬ ਮੋਹਾਲੀ ਨਾਲ ਰਲਦੇ-ਮਿਲਦੇ ਹਨ ਉਹਨਾਂ ਦੀਆਂ ਰਜਿਸਟ੍ਰੇਸ਼ਨਾਂ ਪ੍ਰਦਾਨ ਕਰ ਰਹੇ ਹਨ, ਸੋ ਇਸ ਅਤੀ ਜਰੂਰੀ ਪੱਤਰ ਰਾਹੀਂ ਆਪ ਨੂੰ ਅਗਾਹ ਕੀਤਾ ਜਾ ਰਿਹਾ ਹੈ ਕਿ ਕੌਂਸਿਲ ਦੇ ਲੈਂਡਲਾਈਨ ਨੰ: 0172-5020941-42-43-44 ਜਾਂ ਮੋਬਾਇਲ ਨੰ:9216100542 ਤੇ ਸੰਪਰਕ ਕਰਕੇ ਆਪਣੀਆਂ ਰਜਿਸਟ੍ਰੇਸ਼ਨ ਕਰਵਾਉਣ ਲਈ ਸਿੱਧੇ ਤੌਰ ਤੇ ਕੌਂਸਿਲ ਦਫਤਰ ਨਾਲ ਰਾਬਤਾ ਕਾਇਮ ਕਰੋ ਅਤੇ ਆਪਣੇ ਨੰਬਰ ਕਾਰਡ, ਡਿਪਲੋਮਾ ਸਰਟੀਫਿਕੇਟ ਅਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਨੂੰ ਧਿਆਨ ਨਾਲ ਚੈੱਕ ਕਰੋ ਕਿ ਰਜਿਸਟ੍ਰੇਸ਼ਨ ਕਰਵਾਉਣ ਦੇ ਸਬੰਧ ਨਾਲ ਆਪ ਨਾਲ ਕੋਈ ਏਜੰਟ ਧੋਖਾ ਤਾਂ ਨਹੀ ਕਰ ਰਿਹਾ। ਜਦੋਂ ਵੀ ਆਪ ਨੂੰ ਕੌਂਸਿਲ ਵੱਲੋ. ਕੋਈ ਪੱਤਰ ਮਿਲੇ ਤਾਂ ਉਸ ਦੇ ਸਬੰਧ ਵਿੱਚ ਸਿੱਧੇ ਤੌਰ ਤੇ ਇੱਕ ਐਪਲੀਕੇਸ਼ਨ ਨਾਲ ਲੋੜੀਂਦੇ ਡਾਕੂਮੈਂਟ ਕੌਂਸਿਲ ਦਫਤਰ ਨੂੰ ਭੇਜੇ ਜਾਣ।

5. ਰਜਿਸਟ੍ਰੇਸ਼ਨ ਕਰਵਾਉਣ ਸਬੰਧੀ ਆਪਣੇ ਨੰਬਰ ਕਾਰਡ, ਡਿਪਲੋਮਾ ਸਰਟੀਫਿਕੇਟ, 2 ਫੋਟੋ, ਰਾਸ਼ਨ ਕਾਰਡ/ ਵੋਟਰ ਕਾਰਡ/ਪੈੱਨ ਕਾਰਡ ਦੀਆਂ ਫੋਟੋ ਕਾਪੀਆਂ, ਅਸਲ I-Card ਅਤੇ ਰਜਿਸਟ੍ਰੇਸ਼ਨ ਸਰਟੀਫਿਕੇਟ ਭੇਜਿਆ ਜਾਏ।

ਧੰਨਵਾਦ ਸਹਿਤ।

ਸੰਪਰਕ ਕਰੋ
ਲੈਂਡਲਾਈਨ ਨੰ: 0172-5020941-42-43-44
ਮੋਬਾਇਲ ਨੰ:07355099554, 9216100542
website www.paramedicalcouncil.com
email id pmcmohali@gmail.com

Para Medical Council (P...) Mohali

ਸਹੀ/-
13/8
ਰਜਿਸਟਰਾਰ
ਮੋਬਾਇਲ ਨੰ; 9217819021